ਬੈੱਡ ਬਗਜ਼ (ਖਟਮਲ) ਖ਼ਤਮ 647-688-3944
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-456-9977 24/7 SERVICE
Sher Atta $14.99 20LB 905-678-0300
ਬੈੱਡ ਬਗਜ਼ (ਖਟਮਲ) ਖ਼ਤਮ 647-688-3944
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489

US 'ਚ ਲੌਰੈਂਸ ਗੈਂਗ ਦੇ ਸ਼ੂਟਰ ਦਾ ਕਤਲ

ਨਿਊ ਯੌਰਕ: ਅਮਰੀਕਾ 'ਚ ਸਾਲ 2026 ਦੀ ਪਹਿਲੀ ਵੱਡੀ ਇੰਡੀਅਨ ਗੈਂਗਵਾਰ ਸਾਹਮਣੇ ਆਈ ਹੈ ਜਿਸ 'ਚ ਲੌਰੈਂਸ ਬਿਸ਼ਨੋਈ ਗੈਂਗ ਨਾਲ ਜੁੜੇ ਦੱਸੇ ਜਾਂਦੇ ਇੱਕ ਗੈਂਗਸਟਰ ਦੀ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਇਹ ਹਮਲਾ ਟਾਰਗੈੱਟ ਕਰ ਕੇ ਵਿਰੋਧੀ ਗੈਂਗਾਂ ਵਲੋਂ ਕੀਤਾ ਗਿਆ ਹੈ।

ਇੰਡੀਆਨਾ 'ਚ ਹੋਈ ਵਾਰਦਾਤ, ਵੀਰੇਂਦਰ ਸੈਂਭੀ ਦੇ ਕਤਲ ਦਾ ਦਾਅਵਾ: ਸੂਤਰਾਂ ਦੇ ਹਵਾਲੇ ਨਾਲ ਖ਼ਬਰ ਮਿਲੀ ਹੈ ਕਿ ਅਮਰੀਕਾ ਦੇ ਇੰਡੀਆਨਾ 'ਚ ਵੀਰੇਂਦਰ ਸੈਂਭੀ ਨਾਮ ਦੇ ਇੱਕ ਗੈਂਗਸਟਰ ਦਾ ਕਤਲ ਕਰ ਦਿੱਤਾ ਗਿਆ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਪੋਸਟ 'ਚ ਬਲਜੋਤ ਅਤੇ ਜੱਸਾ ਨਾਮ ਦੇ ਦੋ ਵਿਅਕਤੀਆਂ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ। ਦਾਅਵਾ ਕੀਤਾ ਜਾ ਰਿਹਾ ਹੈ ਕਿ ਮ੍ਰਿਤਕ ਲੌਰੈਂਸ ਬਿਸ਼ਨੋਈ ਦੇ ਅੰਤਰਰਾਸ਼ਟਰੀ ਨੈੱਟਵਰਕ ਦਾ ਹਿੱਸਾ ਸੀ, ਅਤੇ ਅਮਰੀਕਾ 'ਚ ਰਹਿ ਕੇ ਅਪਰਾਧਿਕ ਗਤੀਵਿਧੀਆਂ ਚਲਾ ਰਿਹਾ ਸੀ।

ਕਿਉਂ ਹੋਇਆ ਕਤਲ? ਸੋਸ਼ਲ ਮੀਡੀਆ ਪੋਸਟ 'ਚ ਦੋਸ਼ ਲਾਇਆ ਗਿਆ ਹੈ ਕਿ ਮ੍ਰਿਤਕ ਲੌਰੈਂਸ ਦੇ ਨਾਮ ਦੀ ਵਰਤੋਂ ਕਰ ਕੇ ਉਗਰਾਹੀ (Extortion) ਕਰਦਾ ਸੀ ਅਤੇ ਟ੍ਰੇਲਰਾਂ ਦੀ ਚੋਰੀ ਕਰਵਾਉਂਦਾ ਸੀ। ਇਸ ਤੋਂ ਇਲਾਵਾ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਮ੍ਰਿਤਕ ਨੇ ਪਹਿਲਾਂ ਜੱਸਾ 'ਤੇ ਫ਼ਾਇਰਿੰਗ ਕਰਵਾਈ ਸੀ ਜਿਸ ਦਾ ਬਦਲਾ ਲੈਣ ਲਈ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ ਹੈ। ਵਿਰੋਧੀ ਗੈਂਗ ਨੇ ਚਿਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਸਮੇਂ 'ਚ ਉਹ

ਹੋਰ ਵੀ ਸਰਪ੍ਰਾਈਜ਼ਿਜ਼ ਦੇਣਗੇ।

ਅੰਤਰਰਾਸ਼ਟਰੀ ਏਜੰਸੀਆਂ ਦੀ ਵਧੀ ਚਿੰਤਾ: ਇਸ ਘਟਨਾ ਤੋਂ ਬਾਅਦ ਅਮਰੀਕੀ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਤੇ ਭਾਰਤੀ ਖ਼ੁਫ਼ੀਆ ਏਜੰਸੀਆਂ ਚੌਕਸ ਹੋ ਗਈਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਇਹ ਕੈਨੇਡਾ, ਅਮਰੀਕਾ ਅਤੇ ਯੌਰਪ 'ਚ ਭਾਰਤੀ ਗੈਂਗਾਂ ਵਿਚਾਲੇ ਵਧਦੀ ਦੁਸ਼ਮਣੀ ਦਾ ਸੰਕੇਤ ਹੈ ਹਾਲਾਂਕਿ ਅਮਰੀਕੀ ਏਜੰਸੀਆਂ ਨੇ ਅਜੇ ਤਕ ਮ੍ਰਿਤਕਾਂ ਦੀ ਅਧਿਕਾਰਿਕ ਪਛਾਣ ਜਨਤਕ ਨਹੀਂ ਕੀਤੀ।

ਮਾਹਿਰਾਂ ਦਾ ਮੰਨਣਾ ਹੈ ਕਿ ਇਹ ਗੈਂਗ ਵਾਰ ਭਾਰਤ ਤੋਂ ਬਾਹਰ ਕੰਮ ਕਰ ਰਹੇ ਭਾਰਤੀ ਗੈਂਗਾਂ ਵਿਚਕਾਰ ਵੱਧ ਰਹੇ ਟਕਰਾਅ ਦਾ ਸੰਕੇਤ ਹੈ। ਪਿਛਲੇ ਕੁਝ ਸਾਲਾਂ 'ਚ, ਕੈਨੇਡਾ, ਅਮਰੀਕਾ ਅਤੇ ਯੌਰਪ 'ਚ ਭਾਰਤੀ ਗੈਂਗਸਟਰਾਂ ਦੀਆਂ ਗਤੀਵਿਧੀਆਂ 'ਚ ਵਾਧਾ ਹੋਇਆ ਹੈ ਜਿਸ ਕਾਰਨ ਅੰਤਰਰਾਸ਼ਟਰੀ ਏਜੰਸੀਆਂ ਦੀ ਚਿੰਤਾ ਵੀ ਵੱਧ ਗਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਹ ਹਮਲਾ ਅਮਰੀਕਾ 'ਚ ਕੰਮ ਕਰ ਰਹੇ ਭਾਰਤੀ ਗਿਰੋਹਾਂ ਵਿਚਕਾਰ ਤਨਾਅ ਨੂੰ ਹੋਰ ਵਧਾ ਸਕਦਾ ਹੈ। ਭਾਰਤੀ ਅਤੇ ਅਮਰੀਕੀ ਏਜੰਸੀਆਂ ਪੂਰੇ ਨੈੱਟਵਰਕ ਦੀ ਜਾਂਚ ਲਈ ਤਾਲਮੇਲ ਨਾਲ ਕੰਮ ਕਰ ਰਹੀਆਂ ਹਨ।

ਇੱਕ ਸੋਸ਼ਲ ਮੀਡੀਆ ਪੋਸਟ 'ਚ ਦਾਅਵਾ ਕੀਤਾ ਗਿਆ ਹੈ ਕਿ ਬਲਜੋਤ ਅਤੇ ਜੱਸਾ ਨਾਮ ਦੇ ਵਿਅਕਤੀਆਂ ਨੇ ਇੰਡੀਆਨਾ 'ਚ ਵਰਿੰਦਰ ਸੈਂਭੀ ਦੇ ਕਤਲ ਦੀ ਜ਼ਿੰਮੇਵਾਰੀ ਲਈ ਹੈ। ਪੋਸਟ 'ਚ ਦੋਸ਼ ਲਗਾਇਆ ਗਿਆ ਹੈ ਕਿ ਮ੍ਰਿਤਕ ਨੇ ਪਹਿਲਾਂ ਜੱਸਾ ਨੂੰ ਗੋਲੀ ਮਾਰਨ ਦਾ ਹੁਕਮ ਦਿੱਤਾ ਸੀ ਹਾਲਾਂਕਿ ਉਹ ਹਮਲੇ 'ਚ ਸੁਰੱਖਿਅਤ ਸੀ। ਇਸ ਤੋਂ ਇਲਾਵਾ ਪੋਸਟ 'ਚ ਕਿਹਾ ਗਿਆ ਹੈ ਕਿ ਮ੍ਰਿਤਕ ਨੇ ਆਪਣੇ ਹੋਰ ਸਾਥੀਆਂ ਨੂੰ ਵੀ ਨੁਕਸਾਨ ਪਹੁੰਚਾਇਆ ਸੀ।

ਪੋਸਟ 'ਚ ਦੋਸ਼ ਲਗਾਇਆ ਗਿਆ ਹੈ ਕਿ ਮ੍ਰਿਤਕ ਨੇ ਪੈਸੇ ਵਸੂਲਣ ਅਤੇ ਟ੍ਰੇਲਰ ਚੋਰੀ ਕਰਨ ਲਈ ਲੌਰੈਂਸ ਦੇ ਨਾਮ ਦੀ ਵਰਤੋਂ ਕੀਤੀ। ਪੋਸਟ 'ਚ ਉਸ ਦੇ ਲਈ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜਿਸ 'ਚ ਕਿਹਾ ਗਿਆ ਹੈ ਕਿ ਇਸੇ ਲਈ ਉਸ ਦੀ ਹੱਤਿਆ ਕੀਤੀ ਗਈ ਸੀ। ਇਹ ਅੱਗੇ ਚੇਤਾਵਨੀ ਦਿੰਦਾ ਹੈ ਕਿ ਜੋ ਵੀ ਉਸ ਦੇ ਸਾਥੀਆਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰੇਗਾ, ਉਸ ਦਾ ਵੀ ਇਹੀ ਹਾਲ ਹੋਵੇਗਾ। ਪੋਸਟ ਦੇ ਅੰਤ 'ਚ ਇਹ ਦਾਅਵਾ ਕੀਤਾ ਗਿਆ ਹੈ ਕਿ ਉਹ ਕਿਸੇ ਨੂੰ ਵੀ ਨਹੀਂ ਬਖਸ਼ੇਗਾ ਅਤੇ ਭਵਿੱਖ 'ਚ ਇੱਕ ਸਰਪ੍ਰਾਈਜ਼ ਹੋਵੇਗਾ। ਹਾਲੇ ਤਕ ਉਸ ਪੋਸਟ ਦੀ ਪੁਸ਼ਟੀ ਨਹੀਂ ਹੋਈ, ਅਤੇ ਨਾ ਹੀ ਇਹ ਸਪੱਸ਼ਟ ਹੈ ਕਿ ਕਤਲ ਪਿੱਛੇ ਅਸਲ ਮਨੋਰਥ ਕੀ ਸੀ। ਸਬੰਧਤ ਏਜੰਸੀਆਂ ਦੁਆਰਾ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਇਟਲੀ 'ਚ 15 ਹਜ਼ਾਰ ਡੋਡਿਆਂ ਸਣੇ ਭਾਰਤੀ ਕਾਬੂ

ਕੈਂਥ

ਰੋਮ: ਇਟਲੀ ਦੀ ਪੁਲੀਸ ਨੇ ਦੇਸ਼ 'ਚ ਗ਼ੈਰ-ਕਾਨੂੰਨੀ ਧੰਦਿਆਂ ਅਤੇ ਨਸ਼ਿਆਂ ਦੇ ਕਾਰੋਬਾਰ ਨੂੰ ਨੱਥ ਪਾਉਣ ਲਈ ਆਪਣੀ ਮੁਸਤੈਦੀ ਵਧਾ ਦਿੱਤੀ ਹੈ। ਇਸੇ ਮੁਹਿੰਮ ਤਹਿਤ ਲਾਸੀਓ ਸੂਬੇ ਦੇ ਜ਼ਿਲ੍ਹਾ ਲਾਤੀਨਾ ਦੀ ਪੁਲੀਸ ਨੇ ਨਸ਼ੀਲੇ ਪਦਾਰਥਾਂ ਵਿਰੁੱਧ ਜੰਗ ਛੇੜੀ ਹੋਈ ਹੈ। ਤਾਜ਼ਾ ਮਾਮਲੇ 'ਚ ਪੁਲੀਸ ਨੇ ਤੇਰਾਚੀਨਾ ਸ਼ਹਿਰ ਵਿਖੇ ਇੱਕ ਭਾਰਤੀ ਨੌਜਵਾਨ ਦੀ ਤਲਾਸ਼ੀ ਲਈ ਜਿਸ ਕੋਲੋਂ ਭਾਰੀ ਮਾਤਰਾ 'ਚ ਨਸ਼ੀਲੇ ਪਦਾਰਥ ਬਰਾਮਦ ਹੋਏ।

ਗ੍ਰਿਫ਼ਤਾਰ ਕੀਤੇ ਗਏ ਭਾਰਤੀ ਨੌਜਵਾਨ ਦੇ ਘਰ ਦੀ ਜਦੋਂ ਡੂੰਘਾਈ ਨਾਲ ਤਲਾਸ਼ੀ ਲਈ ਗਈ ਤਾਂ ਪੁਲੀਸ ਨੂੰ ਕਾਲੇ ਲਿਫ਼ਾਫ਼ਿਆਂ 'ਚ ਲੁਕਾ ਕੇ ਰੱਖੇ ਹੋਏ 15 ਹਜ਼ਾਰ ਡੋਡਿਆਂ



ਦੇ ਦਾਣੇ ਮਿਲੇ। ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਇਹ ਨੌਜਵਾਨ ਇਟਲੀ 'ਚ ਬਿਨ੍ਹਾਂ ਕਾਗਜ਼ਾਂ (ਪੇਪਰਾਂ) ਦੇ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਿਹਾ ਸੀ।

ਜ਼ਿਕਰਯੋਗ ਹੈ ਕਿ ਕੁੱਝ ਦਿਨ ਪਹਿਲਾਂ ਵੀ ਇੱਕ ਹੋਰ ਭਾਰਤੀ ਨੌਜਵਾਨ ਤੋਂ 54 ਕਿਲੋਗ੍ਰਾਮ ਡੋਡੇ, ਅਫ਼ੀਮ ਅਤੇ ਹਜ਼ਾਰਾਂ ਯੂਰੋ ਦੀ ਨਕਦੀ ਫ਼ੜ੍ਹੀ ਗਈ ਸੀ।

ਜਾਣਕਾਰੀ ਅਨੁਸਾਰ ਇਟਲੀ 'ਚ ਕੁੱਝ ਪਰਵਾਸੀ ਲੋਕ ਇਨ੍ਹਾਂ ਡੋਡਿਆਂ ਨੂੰ ਨਸ਼ੇ ਵਜੋਂ ਚਬਾ ਕੇ, ਪੀਸ ਕੇ ਜਾਂ ਪਾਣੀ 'ਚ ਭਿਉਂ ਕੇ ਵਰਤਦੇ ਹਨ। ਇਨ੍ਹਾਂ ਦਾ ਸੇਵਨ ਕਰਨ ਨਾਲ ਸ਼ਰੀਰਕ ਥਕਾਵਟ, ਸੁਸਤੀ ਜਾਂ ਨੀਂਦ ਮਹਿਸੂਸ ਨਹੀਂ ਹੁੰਦੀ ਜਿਸ ਕਾਰਨ ਕੰਮਾਂ ਦੇ ਮੁੱਖੀ (ਕਾਪੋ) ਕਈ ਵਾਰ ਮਜ਼ਦੂਰਾਂ ਨੂੰ ਜ਼ਬਰੀ ਇਹ ਨਸ਼ਾ ਕਰਨ ਲਈ ਮਜਬੂਰ ਕਰਦੇ ਹਨ ਤਾਂ ਜੋ ਉਹ ਜ਼ਿਆਦਾ ਕੰਮ ਕਰ ਸਕਣ।

ਪੁਲੀਸ ਵਲੋਂ ਕੀਤੀ ਜਾ ਰਹੀ ਪੁੱਛਗਿੱਛ 'ਚ ਇਹ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਨਸ਼ਾ ਤਸਕਰ ਇਹ ਸਮੱਗਰੀ ਲੰਬਾਦਰੀਆ ਸੂਬੇ 'ਚੋਂ ਲਿਆ ਕੇ ਇਟਲੀ ਦੇ ਵੱਖ-ਵੱਖ ਹਿੱਸਿਆਂ 'ਚ ਵੇਚ ਰਹੇ ਹਨ। ਫ਼ਿਲਹਾਲ ਪੁਲੀਸ ਇਸ ਸਾਰੇ ਨੈੱਟਵਰਕ ਨੂੰ ਤੋੜਨ ਲਈ ਪੂਰੀ ਤਰ੍ਹਾਂ ਸਰਗਰਮ ਹੈ।\

ਸਪਤਾਹਿਕ ਰਾਸ਼ੀ ਫ਼ਲ

ਮੇਖ (21 ਮਾਰਚ ਤੋਂ 20 ਅਪ੍ਰੈਲ)
ਤੁਸੀਂ ਇਸ ਹਫ਼ਤੇ ਆਪਣੇ ਵਿਅਕਤੀਗਤ ਅਤੇ ਪੇਸ਼ਾਵਰ ਜੀਵਨ ਵਿੱਚ ਸੰਤੁਲਨ ਬਣਾਉਣ ਵਿੱਚ ਕਾਮਯਾਬ ਰਹੋਗੇ, ਪਰ ਇਹ ਤੁਹਾਡੇ ਲਈ ਕਾਫ਼ੀ ਔਖਾ ਵੀ ਹੋਵੇਗਾ ।ਅਜਿਹੇ ਵੀ ਕਈ ਚਾਂਸ ਹਨ ਕਿ ਤੁਸੀਂ ਦੋਸਤਾਂ ਦੇ ਨਾਲ ਆਪਣੀ ਯੋਜਨਾਵਾਂ ਵਿੱਚ ਬਦਲਾਓ ਕਰੋ ।ਇਸ ਹਫ਼ਤੇ ਤੁਸੀਂ ਕਿਸੇ ਲੰਮੀ ਟਰਿਪ ਉੱਤੇ ਵੀ ਜਾ ਸਕਦੇ ਹਨ ।ਕੁੱਝ ਕਠਿਨਾਈਆਂ ਤੁਹਾਨੂੰ ਤੰਗ ਕਰ ਸਕਦੀਆਂ ਹਨ।

ਸਿੰਘ (23 ਜੁਲਾਈ ਤੋਂ 23 ਅਗਸਤ)
ਤੁਸੀਂ ਇਸ ਹਫ਼ਤੇ ਆਪਣੀ ਲਾਈਫ਼ ਵਿੱਚ ਸ਼ਾਂਤੀ ਬਣਾਈ ਰੱਖੋਗੇ ਅਤੇ ਕਿਸੇ ਵੀ ਕਾਰਜ ਨੂੰ ਵੱਡੇ ਹੀ ਵਿਸ਼ਵਾਸ ਨਾਲ ਕਰੋਗੇ ।ਜੇਕਰ ਕੰਮਾਂ ਵਿੱਚ ਜਲਦਬਾਜ਼ੀ ਦਿਖਾਓਗੇ ਤਾਂ ਸਮੱਸਿਆ ਪੈਦਾ ਹੋਣਗੀਆਂ ।ਇਸ ਘੜੀ ਲੋੜ ਪੈਣ ਉੱਤੇ ਫ਼ੈਮਿਲੀ ਵਲੋਂ ਸਹਾਇਤਾ ਪ੍ਰਾਪਤ ਹੋਵੇਗੀ ਹੀ, ਨਾਲ ਵਿੱਚ ਸਹੁਰਾ-ਪਰਿਵਾਰ ਵਾਲਿਆਂ ਵਲੋਂ ਵੀ ਚੰਗੇ ਸੰਬੰਧ ਬਣਨਗੇ। ਕਿਸੇ ਭਰੋਸੇਯੋਗ ਪਾਤਰ ਦੇ ਨਾਲ ਯਾਤਰਾ ਉੱਤੇ ਜਾਓ।

ਧਨ (23 ਨਵੰਬਰ ਤੋਂ 23 ਦਸੰਬਰ)
ਤੁਹਾਨੂੰ ਪ੍ਰਤੀਯੋਗੀ ਪਰੀਖਿਆਵਾਂ ਅਤੇ ਕਾਨੂੰਨੀ ਮਸਲਿਆਂ ਵਿੱਚ ਮਦਦ ਮਿਲੇਗੀ ।ਭਾਵ ਇਹ ਹਫ਼ਤਾ ਤੁਹਾਡੇ ਲਈ ਕਮਾਲ ਦਾ ਰਹਿਣ ਵਾਲ ਹੈ ਕਿਉਂਕਿ ਇਸ ਹਫ਼ਤੇ ਸਾਰੇ ਕੰਮ ਤੁਹਾਡੇ ਹਿੱਤ ਵਿੱਚ ਹੋਣ ਵਾਲੇ ਹਨ ।ਉਥੇ ਹੀ ਕੰਮਾਂ ਨੂੰ ਲੈ ਕੇ ਤੁਸੀਂ ਘਰ ਤੋਂ ਦੂਰ ਵੀ ਰਹਿ ਸਕਦੇ ਹੋ ।ਮਾਤਾ ਜੀ ਦਾ ਅਸ਼ੀਰਵਾਦ ਤੁਹਾਡੇ ਹਮੇਸ਼ਾ ਨਾਲ ਰਹੇਗਾ, ਲੇਕਿਨ ਪਿਤਾ ਜੀ ਦੇ ਪ੍ਰਤੀ ਤੁਹਾਨੂੰ ਕੁੱਝ ਜ਼ਿਆਦਾ ਹੀ ਨਰਮ ਰਹਿਣ ਦੀ ਲੋੜ ਹੈ ।

ਬ੍ਰਿਖ (21 ਅਪ੍ਰੈਲ ਤੋਂ 21 ਮਈ)
ਇਸ ਹਫ਼ਤੇ ਤੁਹਾਡਾ ਆਰਥਿਕ ਜੀਵਨ ਸ਼ਾਨਦਾਰ ਰਹੇਗਾ ।ਇਸ ਹਫ਼ਤੇ ਤੁਸੀਂ ਹੈਰਾਨੀਜਨਕ ਮੁਨਾਫ਼ਾ ਹਾਸਲ ਕਰੋਗੇ , ਲੇਕਿਨ ਤੁਹਾਡੇ ਲਈ ਜ਼ਰੂਰੀ ਹੈ ਕਿ ਤੁਸੀਂ ਆਪਣੇ ਜੀਵਨ ਨੂੰ ਸਿਹਤਮੰਦ ਬਣਾਈ ਰੱਖੋ ਕਿਉਂਕਿ ਮੌਸਮ ਤਬਦੀਲੀ ਨਾਲ ਹੋਣ ਵਾਲੀ ਬੀਮਾਰੀਆਂ ਤੁਹਾਨੂੰ ਆਪਣੀ ਜਦ ਵਿੱਚ ਲੈ ਸਕਦੀਆਂ ਹਨ , ਹਾਲਾਂ ਕਿ ਆਫ਼ਿਸ ਦਾ ਮਾਹੌਲ ਤੁਹਾਡੇ ਲਈ ਥੋੜ੍ਹਾ-ਜਿਹਾ ਚੁਣੌਤੀ ਭਰਪੂਰ ਰਹੇਗਾ ।

ਕੰਨਿਆ (24 ਅਗਸਤ ਤੋਂ 23 ਸਤੰਬਰ)
ਤੁਹਾਡੇ ਸਾਹਸ ਅਤੇ ਬੁੱਧੀਬਲ ਦੇ ਸਾਹਮਣੇ ਕੋਈ ਨਹੀਂ ਟਿਕ ਪਾਏਗਾ, ਹਾਲਾਂ ਕਿ ਫ਼ਿਰ ਵੀ ਤੁਹਾਨੂੰ ਚੇਤੰਨ ਰਹਿਣ ਦੀ ਲੋੜ ਹੈ ਕਿਉਂਕਿ ਕੋਈ ਤੁਹਾਨੂੰ ਚੋਟ ਪਹੁੰਚਾਉਣ ਦੀ ਫ਼ਿਰਾਕ ਵਿੱਚ ਹੈ ।ਤੁਹਾਡੇ ਬੱਚਿਆਂ ਲਈ ਇਹ ਬਹੁਤ ਹੀ ਚੰਗੇਰੇ ਸਮਾਂ ਹੈ , ਨਿਸ਼ਚਿਤ ਹੀ ਉਨ੍ਹਾਂ ਨੂੰ ਤੁਹਾਨੂੰ ਚੰਗੀ ਖ਼ਬਰ ਮਿਲੇਗੀ। ਪਰਿਵਾਰ ਦੇ ਨਾਲ ਤੁਸੀਂ ਬੇਹੱਦ ਸੁਨਹਿਰੇ ਪਲ ਇਸ ਹਫ਼ਤੇ ਗੁਜ਼ਾਰਨ ਵਾਲੇ ਹੋ ।

ਮਕਰ (24 ਦਸੰਬਰ ਤੋਂ 20 ਜਨਵਰੀ)
ਤੁਸੀਂ ਆਪਣੀ ਜੱਦੀ ਜਾਇਦਾਦ ਨੂੰ ਲੈ ਕੇ ਮੁਨਾਫ਼ਾ ਪ੍ਰਾਪਤ ਕਰੋਗੇ ਅਤੇ ਪਿਤਾ ਜੀ ਵਲੋਂ ਤੁਹਾਨੂੰ ਹਮੇਸ਼ਾ ਸਮਰਥਨ ਮਿਲਦਾ ਰਹੇਗਾ । ਉਥੇ ਹੀ ਪੂਰੇ ਹਫ਼ਤੇ ਸਿਹਤ ਵੀ ਠੀਕ ਰਹੇਗਾ ।ਕਿਸੇ ਨਵੇਂ ਵਪਾਰ ਅਤੇ ਨਿਵੇਸ਼ ਲਈ ਸਮਾਂ ਅਨੁਕੂਲ ਹੈ, ਜਦੋਂ ਤੁਹਾਡਾ ਸਮਾਂ ਤੁਹਾਡੇ ਲਈ ਬਿਹਤਰ ਹੋਵੇ ਤਾਂ ਬੇਵਜਾਹ ਦਾ ਤਨਾਓ ਆਪਣੇ ਉੱਤੇ ਨਾ ਲਵੋਂ ।ਉਸ ਨੂੰ ਨਜ਼ਰ-ਅੰਦਾਜ਼ ਕਰਨ ਵਿੱਚ ਹੀ ਫ਼ਾਇਦਾ ਹੈ ।

ਮਿਥੁਨ (22 ਮਈ ਤੋਂ 21 ਜੂਨ)
ਜੋ ਲੋਕ ਰਾਜਨੀਤੀ, ਸਾਮਾਜਕ ਅਤੇ ਮੀਡੀਆ ਖੇਤਰ ਨਾਲ ਤਅੱਲਕ ਰੱਖਦੇ ਹਨ ਉਨ੍ਹਾਂ ਨੂੰ ਪ੍ਰਸਿੱਧੀ ਅਤੇ ਲੋਕਪ੍ਰਿਅਤਾ ਇਸ ਹਫ਼ਤੇ ਜਰੂਰ ਮਿਲੇਗੀ, ਜਦੋਂ ਕਿ ਹੋਰਾਂ ਨੂੰ ਨਿਵੇਸ਼ ਦੇ ਮਾਮਲੇ ਸਾਵਧਾਨੀ ਬਰਤਣ ਦੀ ਲੋੜ ਹੈ ਕਿਉਂਕਿ ਉਨ੍ਹਾਂ ਦਾ ਕਿਸਮਤ ਜਰਾ ਕਮਜ਼ੋਰ ਸਾਬਤ ਹੋ ਰਹੀ ਹੈ ।ਉਥੇ ਹੀ ਸਿਹਤ ਨੂੰ ਲੈ ਕੇ ਕੋਈ ਵੀ ਕਸਰ ਨਹੀਂ ਵਰਤਣੀ ।ਇਸਦੇ ਇਲਾਵਾ ਇਸ ਹਫ਼ਤੇ ਤੁਸੀਂ ਕਿਸੇ ਦੇ ਵੱਲ ਆਕਰਸ਼ਿਤ

ਤੁਲਾ (24 ਸਤੰਬਰ ਤੋਂ 23 ਅਕਤੂਬਰ)
ਭਵਿਖਬਾਣੀ ਦੇ ਅਨੁਸਾਰ ਇਸ ਹਫ਼ਤੇ ਤੁਹਾਡੀ ਪੇਸ਼ਾਵਰ ਲਾਈਫ਼ ਕਮਾਲ ਦੀ ਰਹਿਣ ਵਾਲੀ ਹੈ । ਨੌਕਰੀ ਵਿੱਚ ਚੰਗੀ ਕਾਰਗੁਜ਼ਾਰੀ ਕਾਰਨ ਤੁਸੀਂ ਕਿਤੇ ਚੰਗੀ ਜਗ੍ਹਾ ਬਦਲਿਆ ਜਾ ਸਕਦਾ ਹੈ । ਨਾਲ ਹੀ ਤੁਹਾਡੇ ਪਾਰਟਨਰ ਦੀ ਵੀ ਉਨਤੀ ਹੋ ਸਕਦੀ ਹੈ। ਹਾਲਾਂ ਕਿ ਕੁੱਝ ਲੋਕ ਤੁਹਾਡੀਆਂ ਕਾਮਯਾਬੀਆਂ ਦੀ ਵਜ੍ਹਾ ਕਾਰਨ ਸੜ ਮਚ ਸਕਦੇ ਹਨ, ਲੇਕਿਨ ਕੁੱਝ ਲੋਕਾਂ ਲਈ ਚੀਜ਼ਾਂ ਸ਼ਾਨਦਾਰ ਰਹਿਣ ਵਾਲੀਆਂ ਹਨ ।

ਕੁੰਭ (21 ਜਨਵਰੀ ਤੋਂ 19 ਫ਼ਰਵਰੀ)
ਨਵਜਾਤ ਬੱਚੀ ਦੇ ਰੂਪ ਵਿੱਚ ਇਸ ਹਫ਼ਤੇ ਤੁਹਾਨੂੰ ਰੱਬ ਦਾ ਅਸ਼ੀਰਵਾਦ ਮਿਲ ਸਕਦਾ ਹੈ । ਉਥੇ ਹੀ ਜੋ ਲੋਕ ਆਪਣੇ ਮਾਤਾ - ਪਿਤਾ ਤੋਂ ਦੂਰ ਹਨ ਉਹ ਉਨ੍ਹਾਂ ਨੂੰ ਮਿਲਣ ਲਈ ਘਰ ਜਾ ਸਕਦੇ ਹਨ ਅਤੇ ਜੋ ਵਿਦਿਆਰਥੀ ਕਿਸੇ ਪ੍ਰਤੀਯੋਗੀ ਪਰੀਖਿਆ ਦੀ ਤਿਆਰੀ ਕਰ ਰਹੇ ਹਨ ਉਨ੍ਹਾਂ ਨੂੰ ਥੋੜ੍ਹੀ ਕੜੀ ਮਿਹਨਤ ਕਰਨ ਦੀ ਲੋੜ ਹੈ ।ਧਿਆਨ ਰੱਖੋ , ਸਿਹਤ ਹੀ ਪੈਸਾ ਹੈ ਅਤੇ ਇਸ ਪੈਸਾ ਦੀ ਦੇਖ ਭਾਲ ਕਰਨਾ ਤੁਹਾਡਾ ਫ਼ਰਜ਼ ਹੈ ।

ਕਰੱਕ (22 ਜੂਨ ਤੋਂ 22 ਜੁਲਾਈ)
ਇਸ ਹਫ਼ਤੇ ਤੁਹਾਡੇ ਘਰ - ਪਰਿਵਾਰ ਵਿੱਚ ਕਿਸੀ ਮੰਗਲ ਕਾਰਜ ਦੇ ਹੋਣ ਦੀ ਸੰਭਾਵਨਾ ਹੈ ।ਤੁਸੀਂ ਕਿਸੇ ਤੀਰਥ ਯਾਤਰਾ ਜਾਂ ਹੋਰ ਧਾਰਮਿਕ ਸਥਾਨ ਉੱਤੇ ਜਾ ਸਕਦੇ ਹੋ । ਉਥੇ ਹੀ ਇਸ ਹਫ਼ਤੇ ਤੁਹਾਨੂੰ ਕਿਸਮਤ ਦਾ ਲਾਭ ਮਿਲੇਗਾ । ਚੀਜ਼ਾਂ ਤੁਹਾਡੇ ਅਨੁਸਾਰ ਚਲਣਗੀਆਂ ।ਇਸ ਹਫ਼ਤੇ ਤੁਹਾਡੀ ਰੈਪੂਟੇਸ਼ਨ ਵਿੱਚ ਇਜਾਫ਼ਾ ਹੋਵੇਗਾ ਅਤੇ ਲੋਕ ਤੁਹਾਡੇ ਨਾਲ ਇੰਜਵਾਏ ਕਰਨਗੇ ।

ਬ੍ਰਿਸ਼ਚਕ (24 ਅਕਤੂਬਰ ਤੋਂ 22ਨਵੰਬਰ)
ਇਹ ਹਫ਼ਤੇ ਤੁਹਾਡੇ ਲਈ ਥੋੜ੍ਹਾ ਭੱਜ ਦੌੜ ਭਰਿਆ ਰਹਿ ਸਕਦਾ ਹੈ । ਉੱਧਰ, ਆਫ਼ਿਸ ਵਿੱਚ ਤੁਹਾਡੇ ਸਹਿਕਰਮੀ ਅਤੇ ਖਾਸ ਕਰ ਸੀਨੀਅਰ ਤੁਹਾਡੇ ਕਾਰਜ ਵਲੋਂ ਖ਼ੁਸ਼ ਹੋਣਗੇ ।ਆਤਮਵਿਸ਼ਵਾਸ ਹੋਣ ਕਾਰਨ ਤੁਸੀਂ ਕਿਸੇ ਨੂੰ ਵੀ ਮਾਤ ਦੇਣ ਵਿੱਚ ਸਮਰਥ ਹੋ ਸਕਦੇ ਹੋ। ਇੱਥੋਂ ਤਕ ਕਿ ਲੋਕ ਤੁਹਾਡੀ ਸਫ਼ਲਤਾ ਲਈ ਤੁਸੀਂ ਉੱਤੇ ਮਾਣ ਕਰਨਗੇ । ਬਸ ਤੁਹਾਨੂੰ ਇਹ ਧਿਆਨ ਰੱਖਣਾ ਹੈ ਕਿ ਕਿਸੇ ਅਪਰਾਧੀ ਪ੍ਰਵ੍ਰਿਤੀ ਦੇ ਕੰਮ ਵਿੱਚ ਆਪਣੇ ਆਪ ਨੂੰ